ਮਿੱਠੇ ਬੱਚੇ:- "ਮਿੱਠੇ ਬੱਚੇ :- ਹੁਣ ਤੁਸੀ ਕੌਡੀ ਤੋਂ ਹੀਰੇ ਵਰਗੇ ਬਣੇ ਹੋ, ਈਸ਼ਵਰ ਗੋਦ ਪਾਉਣਾ ਹੀ ਹੀਰੇ ਜਿਹਾ ਬਣਨਾ ਹੈ, ਸ਼੍ਰੀਮਤ ਤੁਹਾਨੂੰ ਹੀਰੇ ਜਿਹਾ ਬਣਾ ਦਿੰਦੀ ਹੈ"

ਪ੍ਰਸ਼ਨ:- ਸਤਿਯੁਗ ਵਿਚ ਕਿਸੇ ਨੂੰ ਤੇ ਤਾਉਸੀ - ਤਖ਼ਤ (ਬਾਦਸ਼ਾਹੀ) ਅਤੇ ਕਿਸੇ ਨੂੰ ਦਾਸ - ਦਾਸੀ ਜਾਂ ਪ੍ਰਜਾ ਪਦਵੀ ਮਿਲਦੀ ਹੈ, ਇਸ ਦਾ ਕਾਰਣ ਕੀ ਹੈ?

ਉੱਤਰ:- ਸਤਿਯੁਗ ਵਿੱਚ ਤਾਉਸੀ ਤਖ਼ਤ ਉਨ੍ਹਾਂ ਨੂੰ ਮਿਲਦਾ ਹੈ ਜੋ ਸੰਗਮ ਤੇ ਗਿਆਨ ਸਾਗਰ ਦੀ ਪੜਾਈ ਨੂੰ ਚੰਗੀ ਤਰ੍ਹਾਂ ਪੜਦੇ ਹਨ ਅਤੇ ਧਾਰਨ ਕਰਦੇ ਹਨ, ਗਿਆਨ ਰਤਨਾ ਦਾ ਦਾਨ ਕਰ ਬਹੁਤਿਆਂ ਨੂੰ ਆਪ ਸਮਾਨ ਬਣਾਉਂਦੇ ਹਨ ਅਤੇ ਜੋ ਗਫ਼ਲਤ ਕਰਦੇ ਹਨ, ਦੇਹ - ਅਭਿਮਾਨ ਵਿੱਚ ਆਕੇ ਹੰਗਾਮੇ ਮਚਾਉਂਦੇ, ਉਨ੍ਹਾਂ ਨੂੰ ਪ੍ਰਜਾ ਪਦਵੀ ਮਿਲ ਜਾਂਦੀ ਹੈ। ਪੜਾਈ ਤੇ ਧਿਆਨ ਨਾ ਦੇਣ ਵਾਲੇ ਹੀ ਦਾਸ - ਦਾਸੀ ਬਣ ਜਾਂਦੇ ਹਨ।

ਓਮ ਸ਼ਾਂਤੀ। ਕੌਡੀ ਤੋਂ ਹੀਰੇ ਵਰਗਾ ਬਣਨ ਵਾਲੇ ਸਿਕੀਲੱਧੇ ਪੁਰਸ਼ਾਰਥੀ ਬੱਚੇ ਇਹ ਜਾਣਦੇ ਹਨ ਕਿ ਮਾਯਾ ਦਾ ਤੁਫਾਨ ਲਗਦਾ ਹੈ। ਬੱਚੇ ਕੌਡੀ ਤੋਂ ਹੀਰੇ ਜਿਹਾ ਬਣਨ ਦਾ ਪੁਰਸ਼ਾਰਥ ਕਰਦੇ ਹਨ, ਪ੍ਰੰਤੂ ਸ਼੍ਰੀਮਤ ਤੇ ਨਾ ਚੱਲਣ ਦੇ ਕਾਰਣ ਫਿਰ ਮਾਇਆ ਦਾ ਤੁਫਾਨ ਲੱਗਣ ਨਾਲ ਜੋਤ ਬੁੱਝ ਜਾਂਦੀ ਹੈ। ਇਸ ਤੇ ਵੀ ਗੀਤ ਹੈ। ਬੱਚਿਆਂ ਨੂੰ ਹੁਣ ਪਤਾ ਪਿਆ ਹੈ ਕਿ ਅਸੀਂ ਸੋ ਪੂਜੀਏ ਦੇਵੀ - ਦੇਵਤੇ ਸੀ। ਇਹ ਆਤਮਾ ਸੁਣਦੀ ਹੈ ਬੇਹੱਦ ਦੇ ਮੋਸਟ ਬਿਲਵਰਡ ਬਾਪ ਦਵਾਰਾ। ਉਨ੍ਹਾਂ ਦੀ ਇਹ ਮਹਿਮਾ ਗਾਈ ਜਾਂਦੀ ਹੈ। ਉਹ ਉੱਚ ਤੋਂ ਉੱਚ ਭਗਵਾਨ ਹਨ। ਸਾਰੀ ਸ੍ਰਿਸ਼ਟੀ ਵਿੱਚ ਉਨ੍ਹਾਂ ਨੂੰ ਹੀ ਯਾਦ ਕਰਦੇ ਹਨ ਕਿਉਂਕਿ ਇਸ ਦੁਨੀਆ ਵਿਚ ਤੇ ਬਰੋਬਰ ਦੁੱਖ ਹੀ ਦੁੱਖ ਹੈ। ਅਜਿਹਾ ਨਾ ਸਮਝੋ ਕਿ ਸਾਰੇ ਮਨੁੱਖ ਬੇਸਮਝ ਹਨ। ਸਮਝਦੇ ਵੀ ਹਨ ਕਿ ਪ੍ਰਾਚੀਨ ਭਾਰਤ ਬਹੁਤ ਉੱਚ ਸੀ ਹੋਰ ਸਾਰੇ ਖੰਡ ਅਤੇ ਧਰਮ ਨਹੀਂ ਸਨ ਇਸਲਈ ਭਾਰਤ ਨੂੰ ਪ੍ਰਾਚੀਨ ਕਹਿੰਦੇ ਹਨ। ਇਨਾਂ ਸਮਝਦੇ ਹਨ ਲੇਕਿਨ ਉਹ ਹੋਇਆ ਕਿਵੇਂ, ਕਦੋਂ ਹੋਇਆ? ਭਾਰਤ ਫਿਰ ਹੀਰੇ ਜਿਹਾ ਕਦੋਂ ਅਤੇ ਕਿਵੇਂ ਬਣੇਗਾ - ਇਹ ਨਹੀਂ ਜਾਣਦੇ। ਹੁਣ ਤੁਸੀਂ ਬੱਚੇ ਸਾਮ੍ਹਣੇ ਬੈਠੇ ਹੋ ਹੋਰ ਜੋ ਪ੍ਰਦੇਸ ਮਤਲਬ ਬਾਹਰ ਸੈਂਟਰ ਤੇ ਰਹਿੰਦੇ ਹਨ, ਉਹ ਵੀ ਸੁਣਦੇ ਹਨ। ਹੀਰੇ ਜਿਹਾ ਬਨਾਉਣ ਵਾਲਾ ਬੇਹੱਦ ਦਾ ਬਾਪ ਕਹਿੰਦੇ ਹਨ - ਇਹ ਤੁਹਾਡਾ ਅੰਤਿਮ ਈਸ਼ਵਰੀਏ ਜਨਮ ਹੈ ਜਦਕਿ ਭਗਵਾਨ ਬੈਠ ਹੀਰੇ ਜਿਹਾ ਬਨਾਉਣ ਲਈ ਤੁਹਾਨੂੰ ਪੜਾਉਂਦੇ ਹਨ। ਤਾਂ ਅਜਿਹੇ ਬਾਪ ਦਾ ਕਿੰਨਾਂ ਰੀਗਾਰਡ ਰੱਖਣਾ ਹੈ। ਸਤ ਬਾਪ, ਸਤ ਟੀਚਰ, ਸਤਿਗੁਰੂ ਦਾ ਰੀਗਾਰਡ ਰੱਖਿਆ ਜਾਂਦਾ ਹੈ। ਬਾਪ ਕਹਿੰਦੇ ਹਨ ਬੱਚਿਆਂ ਨੂੰ ਸੁਖ ਦੇਣ ਵਾਲਾ ਮੈਂ ਹੀ ਹਾਂ। ਇਸ ਵੇਲੇ ਤੁਸੀਂ ਬੱਚਿਆਂ ਨੂੰ ਸੁਖ ਦੇਣ ਲਈ ਆਪਣੀ ਮਤ ਦਿੰਦਾ ਹਾਂ। ਭਗਵਾਨ ਨੇ ਜੋ ਸ਼੍ਰੀਮਤ ਦਿੱਤੀ ਉਹ ਫਿਰ ਮਨੁੱਖਾਂ ਨੇ ਗੀਤਾ ਵਿੱਚ ਲਿਖਿਆ ਹੈ, ਪ੍ਰੰਤੂ ਅਸਲ ਨਹੀਂ। ਹੁਣ ਇਹ ਤੁਹਾਨੂੰ ਉੱਚ ਤੋਂ ਉੱਚ ਹੀਰੇ ਜਿਹਾ ਬਣਾਉਂਦੇ ਹਨ। ਸਵਰਗ ਵਿਚ ਤੇ ਤੁਸੀਂ ਹੀ ਆ ਸਕਦੇ ਹੋ ਨਾ। ਉਵੇਂ ਤਾਂ ਸਾਰੀ ਦੁਨੀਆ ਦੀਆਂ ਆਤਮਾਵਾਂ ਬੱਚੇ ਹਨ ਬਾਪ ਦੇ। ਪ੍ਰਜਾਪਿਤਾ ਬ੍ਰਹਮਾ ਤੇ ਹੈ ਨਾ। ਇਸ ਸਮੇਂ ਸ਼ਿਵਬਾਬਾ ਦੇ ਪੋਤਰੇ ਕਹਾਉਂਦੇ ਹੋ। ਫਿਰ ਪਰ - ਪੋਤਰੇ, ਤਰ - ਪੋਤਰੇ ਵੀ ਕਹਾਉਂਦੇ ਹੋ। ਵ੍ਰਿਧੀ ਤੇ ਹੁੰਦੀ ਜਾਂਦੀ ਹੈ ਨਾ। ਅਸਲ ਵਿੱਚ ਸਭ ਦਾ ਰਚਿਯਤਾ ਮੈਂ ਬਾਪ ਹੀ ਹਾਂ। ਪੁੱਛਦੇ ਹਨ ਨਾ ਕਿ ਤੁਹਾਨੂੰ ਕਿਸ ਨੇ ਪੈਦਾ ਕੀਤਾ? ਤਾਂ ਕਹਿੰਦੇ ਹਨ ਅੱਲ੍ਹਾ ਜਾਂ ਖੁਦਾ ਨੇ। ਇੰਨਾਂ ਸਮਝਦੇ ਹਨ ਪ੍ਰੰਤੂ ਕਿਵੇਂ ਪੈਦਾ ਕਰਦੇ ਹਨ, ਕਿਵੇਂ ਇੰਨਾਂ ਸਭ ਵ੍ਰਿਧੀ ਨੂੰ ਪਾਉਂਦੇ ਹਨ - ਇਹ ਕੁਝ ਵੀ ਪਤਾ ਨਹੀਂ ਹੈ। ਇਹ ਤਾਂ ਤੁਸੀਂ ਜਾਣਦੇ ਹੋ ਕਿ ਸਤਿਯੁਗ ਵਿੱਚ ਬਹੁਤ ਥੋੜ੍ਹੀ ਰਚਨਾ ਹੁੰਦਾ ਹੈ। ਜਰੂਰ ਰਚਿਯਤਾ ਵੀ ਹੋਵੇਗਾ ਜੋ ਨਵੀਂ ਦੁਨੀਆ ਰਚਦੇ ਹਨ। ਨਵੀਂ ਦੁਨੀਆ ਵਿਚ ਦੇਵੀ - ਦੇਵਤਾ ਪਦਵੀ ਪ੍ਰਾਪਤ ਕਰਾਉਂਦੇ ਹਨ ਤਾਂ ਜਰੂਰ ਪੁਰਾਣੀ ਦੁਨੀਆ ਦਾ ਵਿਨਾਸ਼ ਕਰਾਉਂਦੇ ਹੋਣਗੇ - ਇਹ ਕੋਈ ਵੀ ਨਹੀਂ ਜਾਣਦੇ। ਅਥਾਹ ਕਿਤਾਬ ਸ਼ਾਸਤਰ ਆਦਿ ਲਿਖਦੇ ਹਨ। ਸਮਝਦੇ ਹਨ ਇਹ ਫਿਲਾਸਫੀ ਦੇ ਸ਼ਾਸਤਰ ਹਨ। ਫਿਲਾਸਫੀ ਗਿਆਨ ਨੂੰ ਕਹਿੰਦੇ ਹਨ। ਪ੍ਰੰਤੂ ਇਹ ਕਿਸੇ ਨੂੰ ਪਤਾ ਨਹੀਂ ਹੈ ਕਿ ਗਿਆਨ ਦਾ ਸਾਗਰ ਤਾਂ ਇੱਕ ਹੀ ਪਰਮਪਿਤਾ ਪਰਮਾਤਮਾ ਹੈ। ਤੁਸੀਂ ਇਸ ਦਵਾਰਾ ਨਾਲੇਜ ਪਾਕੇ ਹੀਰੇ ਜਿਹਾ ਬਣਦੇ ਹੋ। ਈਸ਼ਵਰ ਦੀ ਗੋਦ ਪਾਉਣਾ ਹੀ ਹੀਰੇ ਜਿਹਾ ਜਨਮ ਹੈ। ਹੀਰੇ ਜਿਹਾ ਬਨਾਉਣ ਵਾਲਾ ਬਾਪ ਸਾਨੂੰ ਹੀਰੇ ਜਿਹਾ ਬਣਾ ਰਿਹਾ ਹੈ। ਬਲਿਹਾਰੀ ਇਨ੍ਹਾਂ ਦੀ ਗਾਈ ਜਾਂਦੀ ਹੈ। ਸਤਿਯੁਗ ਵਿੱਚ ਤੇ ਬਲਿਹਾਰੀ ਦੀ ਗੱਲ ਹੀ ਨਹੀਂ। ਉੱਥੇ ਤਾਂ ਇਹ ਖਿਆਲ ਵੀ ਨਹੀਂ ਰਹਿੰਦਾ।

ਹੁਣ ਤੁਸੀਂ ਜਾਣਦੇ ਹੋ ਅਸੀਂ ਨਾ ਸ਼ੂਦ੍ਰ ਹਾਂ, ਨਾ ਦੇਵਤਾ ਹਾਂ। ਹੁਣ ਅਸੀਂ ਬ੍ਰਾਹਮਣ ਹਾਂ। ਤੁਹਾਨੂੰ ਹੀ ਸਵਦਰਸ਼ਨ ਚਕ੍ਰਧਾਰੀ ਕਿਹਾ ਜਾਂਦਾ ਹੈ। ਇੱਥੇ ਤੁਸੀਂ ਸਵਦਰਸ਼ਨ ਚਕ੍ਰਧਾਰੀ ਬਣ ਵਿਸ਼ਨੂੰ ਕੁਲ ਵਿੱਚ ਜਾਕੇ ਰਾਜ ਕਰੋਗੇ। ਸਵਦਰਸ਼ਨ ਚਕ੍ਰਧਾਰੀ, ਕਮਲ ਫੁੱਲ ਸਮਾਨ ਤੁਹਾਨੂੰ ਇੱਥੇ ਹੀ ਬਣਨਾ ਹੈ। ਇੱਥੇ ਹੈ ਪੁਰਸ਼ਾਰਥ, ਉੱਥੇ ਹੈ ਪ੍ਰਾਲਬਧ। ਅਜਿਹੀਆਂ ਗੱਲਾਂ ਦੁਨੀਆਂ ਵਿਚ ਕੋਈ ਵੀ ਨਹੀਂ ਜਾਣਦੇ। ਬਾਪ ਕਹਿੰਦੇ ਹਨ - ਮਾਇਆ ਨੇ ਤੁਹਾਨੂੰ ਤੁੱਛ ਬੁੱਧੀ ਬਣਾਇਆ ਹੈ। ਤੁਸੀਂ ਹੀਰੇ ਵਰਗੇ ਦੇਵੀ - ਦੇਵਤੇ ਸੀ। ਪਹਿਲਾਂ ਤੁਹਾਨੂੰ ਪਤਾ ਨਹੀਂ ਸੀ। ਦੁਨੀਆ ਵਿਚ ਤਾਂ ਅਨੇਕ ਮੱਤਾਂ ਹਨ - ਕੋਈ ਕੀ ਕਹਿੰਦੇ, ਕੋਈ ਕੀ ਕਹਿੰਦੇ। ਕੋਈ ਕਹਿੰਦੇ ਹਨ ਮਨੁੱਖ ਮਰਦੇ ਹਨ ਫਿਰ ਨਵੇਂ ਪੈਦਾ ਹੁੰਦੇ ਹਨ। ਕੋਈ ਕਹਿੰਦੇ ਹਨ ਕਿ ਜਿਵੇਂ ਦਾ ਸੰਕਲਪ ਕਰਦੇ ਉਵੇਂ ਬਣ ਜਾਂਦੇ ਹਨ। ਕਈ ਤਰ੍ਹਾਂ ਦੀ ਮਤ ਵਾਲੇ ਹਨ। ਤੁਸੀਂ ਹੋ ਸ਼੍ਰੀਮਤ ਤੇ ਚੱਲਣ ਵਾਲੇ। ਸ਼੍ਰੀਮਤ ਤੇ ਤੁਹਾਡੀ ਵੀ ਸ੍ਰੇਸ਼ਠ ਮਤ ਬਣਦੀ ਹੈ। ਤੁਸੀਂ ਹੀ ਜਾਣਦੇ ਹੋ, ਸਭ ਤਾਂ ਨਹੀਂ ਜਾਣਨਗੇ। ਭਾਵੇਂ ਕੋਈ ਲੱਖਪਤੀ,

ਪਦਮਪਤੀ ਹਨ ਪ੍ਰੰਤੂ ਇਸ ਗਿਆਨ ਵਿੱਚ ਆਉਣਾ ਬਹੁਤ ਮੁਸ਼ਕਿਲ ਹੈ। ਕੋਟਾਂ ਵਿੱਚੋ ਵੀ ਕੋਈ ਹੀ ਆਉਂਦਾ ਹੈ ਕਿਉਂਕਿ ਸਾਹੂਕਾਰਾਂ ਤੇ ਲਫੜੇ ਬਹੁਤ ਹਨ। ਡਰਾਮੇ ਵਿੱਚ ਨੂੰਧ ਹੀ ਅਜਿਹੀ ਹੈ ਜੋ ਗਰੀਬ ਹੀ ਈਸ਼ਵਰ ਦੀ ਗੋਦ ਲੈਂਦੇ ਹਨ। ਇਹ ਰਥ ਤਾਂ ਉਨ੍ਹਾਂ ਦਾ ਹੈ ਨਾ। ਬਾਪਦਾਦਾ ਦੋਵੇਂ ਇਕੱਠੇ ਹਨ - ਇਹ ਤੁਸੀਂ ਸਮਝਦੇ ਹੋ। ਨਿਰਾਕਾਰ ਭਗਵਾਨ ਨੂੰ ਆਪਣਾ ਸ਼ਰੀਰ ਨਹੀਂ ਹੈ ਤਾਂ ਜਰੂਰ ਲੋਨ ਤੇ ਸ਼ਰੀਰ ਲੈਣਾ ਪਵੇ, ਤਾਂ ਤੇ ਭਗਵਾਨੁਵਾਚ ਹੋਵੇ ਨਾ। ਸ਼੍ਰੀਕ੍ਰਿਸ਼ਨ ਭਗਵਾਨੁਵਾਚ ਹੋ ਨਹੀਂ ਸਕਦਾ। ਉਨ੍ਹਾਂ ਨੂੰ ਤਾਂ ਝੱਟ ਸਭ ਜਾਣ ਲੈਂਦੇ। ਇਹ ਹੈ ਨਿਰਾਕਾਰ, ਇਸਲਈ ਇਨ੍ਹਾਂ ਨੂੰ ਕੋਈ ਜਾਣਦੇ ਨਹੀਂ। ਅੱਜਕਲ ਬਹੁਤ ਮਨੁੱਖ ਭੇਸ ਬਦਲ ਕੇ ਕ੍ਰਿਸ਼ਨ ਦਾ ਰੂਪ ਧਾਰਨ ਕਰਦੇ ਹਨ। ਪੈਸੇ ਕਮਾਉਂਦੇ ਹਨ। ਸਭ ਮਾਇਆ ਦੇ ਮੁਰੀਦ ਬਣ ਗਏ ਹਨ। ਹੁਣ ਤੁਸੀਂ ਇਸ਼ਵਰ ਦੇ ਮੁਰੀਦ ਬਣਦੇ ਹੋ। ਕੋਈ ਤਾਂ 100% ਇਸ਼ਵਰ ਦੇ ਮੁਰੀਦ ਬਣੇ ਹਨ, ਉਨ੍ਹਾਂ ਦੀ ਸ਼ਰਨ ਲਈ ਹੈ। ਬਾਕੀ ਸਭ ਮਾਇਆ ਰਾਵਣ ਦੀ ਸ਼ਰਨ ਵਿੱਚ ਫਸੇ ਹੋਏ ਹਨ। ਬਾਬਾ ਨੇ ਸਮਝਾਇਆ ਹੈ ਕਿ ਖਾਸ ਭਾਰਤਵਾਸੀ ਸਭ ਸ਼ੋਕ ਵਾਟਿਕਾ ਵਿੱਚ ਹਨ। ਸਾਰੀ ਦੁਨੀਆ ਹੀ ਲੰਕਾ ਹੈ। ਉਨ੍ਹਾਂ ਨੇ ਤਾਂ ਸ਼ਾਸਤਰਾਂ ਵਿੱਚ ਹੱਦ ਦੀਆਂ ਗੱਲਾਂ ਲਿਖ ਦਿੱਤੀਆਂ ਹਨ। ਬੇਹੱਦ ਦਾ ਬਾਪ ਬੇਹੱਦ ਦੀਆਂ ਗੱਲਾਂ ਸੁਣਾਉਂਦੇ ਹਨ। ਤੁਸੀਂ ਜਾਣਦੇ ਹੋ ਕਿ ਹੁਣ ਅਸੀਂ ਈਸ਼ਵਰ ਦੀ ਗੋਦ ਵਿਚ ਹਾਂ। ਫਿਰ ਅਸੀਂ ਨਵੀਂ ਦੁਨੀਆ ਦੇ ਮਾਲਿਕ ਦੇਵੀ - ਦੇਵਤਾ ਬਣਾਂਗੇ। ਉੱਥੇ ਤਾਂ ਮਾਇਆ ਹੁੰਦੀ ਨਹੀਂ। ਸੂਰਜਵੰਸ਼ੀ - ਚਦ੍ਰਵੰਸ਼ੀ ਬੜੇ ਸਾਹੂਕਾਰ ਹੁੰਦੇ ਹਨ। ਫਿਰ ਜਦ ਵੈਸ਼ ਵੰਸ਼ੀ ਬਣਦੇ ਤਾਂ ਹੀਰੇ ਜਵਾਹਰਾਤ ਦੇ ਮੰਦਿਰ ਬਣਾਉਂਦੇ ਹਨ। ਪਹਿਲੇ - ਪਹਿਲੇ ਜੋ ਹੀਰੇ - ਜਵਾਹਰਾਤ ਦੇ ਮੰਦਿਰ ਬਣਾਉਂਦੇ ਹਨ ਉਹ ਅਜਿਹੇ ਮਹਿਲਾਂ ਵਿਚ ਰਹਿੰਦੇ ਹਨ ਇਸਲਈ ਗਾਇਆ ਜਾਂਦਾ ਹੈ ਕਿ ਭਾਰਤ ਹੀਰੇ ਜਿਹਾ ਸੀ। ਹੁਣ ਤਾਂ ਕੌਡੀ ਮਿਸਲ ਹਨ। ਇਹ ਹੈ ਹੀ ਪਤਿਤ ਦੁਨੀਆ। ਭਾਰਤ ਹੀ ਸੱਚਖੰਡ ਪਾਵਨ ਸੀ। ਭਾਰਤ ਹੀ ਹੁਣ ਪਤਿਤ ਖੰਡ ਹੈ, ਭਾਰਤ ਨੂੰ ਹੁਣ ਅਸੀਂ ਪਾਵਨ ਨਹੀਂ ਕਹਾਂਗੇ। ਹੁਣ ਅਸੀਂ ਪਾਵਨ ਬਣ ਰਹੇ ਹਾਂ। ਉੱਥੇ ਤੇ ਹੈ ਹੀ ਸੰਪੂਰਨ ਨਿਰਵਿਕਾਰੀ ਦੁਨੀਆ। ਕ੍ਰਿਸ਼ਨ ਦੀ ਕਿੰਨੀ ਭਾਰੀ ਮਹਿਮਾ ਹੈ! ਉਨ੍ਹਾਂ ਨੂੰ ਝੂਲੇ ਵਿੱਚ ਝੁਲਾਉਂਦੇ ਹਨ ਪ੍ਰੰਤੂ ਉਨ੍ਹਾਂ ਦੀ ਬਾਓਗ੍ਰਾਫੀ ਨੂੰ ਨਹੀਂ ਜਾਣਦੇ।

ਤੁਸੀਂ ਜਾਣਦੇ ਹੋ ਹੁਣ ਕਲਿਯੁਗ ਹੈ। ਭਾਰਤ ਹੀ ਸਤਿਯੁਗ ਸੀ। ਬਰੋਬਰ 84 ਜਨਮ ਭਾਰਤਵਾਸੀ ਲੈ ਸਕਦੇ ਹਨ। ਤੁਸੀਂ ਜਦੋਂ ਚੰਗੀ ਤਰ੍ਹਾਂ ਸਮਝਾਉਂਦੇ ਹੋ ਤਾਂ ਮੰਨ ਲੈਂਦੇ ਹਨ। ਇਸ ਈਸ਼ਵਰੀਏ ਗੋਦ ਨਾਲ ਭਾਰਤ ਹੀਰੇ ਜਿਹਾ ਬਣਦਾ ਹੈ। ਜਿਵੇਂ ਰਾਜਾ - ਰਾਣੀ ਉਵੇਂ ਪ੍ਰਜਾ। ਪ੍ਰਜਾ ਨੂੰ ਵੀ ਹੀਰੇ ਜਿਹਾ ਕਹਾਂਗੇ। ਹੁਣ ਜਿਵੇਂ ਰਾਜਾ - ਰਾਣੀ ਉਵੇਂ ਪ੍ਰਜਾ ਕੌਡੀ ਮਿਸਲ ਹੈ। ਹੁਣ ਹੀਰੇ ਵਰਗਾ ਬਣਾਉਣ ਵਾਲਾ ਬਾਪ ਆਇਆ ਹੈ ਤਾਂ ਪੂਰਾ ਪੁਰਸ਼ਾਰਥ ਕਰਨਾ ਹੈ। ਹੀਰੇ ਜਿਹਾ ਬਨਾਉਣ ਵਾਲੇ ਬਾਪ ਨਾਲ ਹੀ ਪੂਰਾ ਯੋਗ ਲਗਾਉਣਾ ਹੈ। ਤੁਸੀਂ ਜਾਣਦੇ ਹੋ ਸ਼ਿਵਬਾਬਾ ਤੋਂ ਅਸੀਂ ਬੈਕੁੰਠ ਦੇ ਮਾਲਿਕ ਬਣਦੇ ਹਾਂ। ਪੜਾਈ ਤੇ ਹੀ ਸਾਰਾ ਮਦਾਰ ਹੈ। ਪੜਾਈ ਦਾ ਖਿਆਲ ਤੇ ਸਭ ਨੂੰ ਕਰਨਾ ਚਾਹੀਦਾ ਹੈ ਬਸ। ਘਰ ਵਿਚ ਕੰਮ - ਕਾਜ ਕਰਦੇ ਵੀ ਸਮਝੋ ਕਿ ਅਸੀਂ ਗੌਡ ਫਾਦਰ ਦੇ ਸਟੂਡੈਂਟ ਹਾਂ। ਸਾਡੀ ਪੜਾਈ ਬਿਲਕੁਲ ਹੀ ਸਹਿਜ ਹੈ। ਇੱਕ ਘੜੀ ਵੀ ਆਕੇ ਸੁਣਨਾ ਜਰੂਰ ਹੈ। ਪੁਆਇੰਟਸ ਅਜਿਹੀ ਚੰਗੀ - ਚੰਗੀ ਨਿਕਲਦੀ ਹਨ ਜੋ ਕੋਈ ਸਮੇਂ ਅਚਾਨਕ ਹੀ ਕਿਸੇ ਨੂੰ ਤੀਰ ਲੱਗ ਜਾਂਦਾ ਹੈ ਇਸਲਈ ਮੁਰਲੀ ਤਾਂ ਕਿਵੇਂ ਵੀ ਜਰੂਰ ਸੁਣਨੀ ਹੈ। ਨਹੀਂ ਸੁਣ ਸਕਦੇ ਹੋ ਤਾਂ ਕਿਵੇਂ ਵੀ ਕਰਕੇ ਪੜਾਈ ਜਰੂਰ ਪੜਨੀ ਹੈ। ਪ੍ਰਬੰਧ ਹੋ ਸਕਦਾ ਹੈ। ਪਹਿਲੇ ਤਾਂ ਇੱਕ ਹਫਤਾ ਵੀ ਚੰਗੀ ਤਰ੍ਹਾਂ ਸਮਝਣਾ ਹੈ ਫਿਰ ਨਵੀਂ - ਨਵੀਂ ਪੁਆਇੰਟ ਸਮਝਣ ਲਈ ਪੜਨਾ ਵੀ ਜਰੂਰ ਹੈ। ਬਾਬਾ ਪੜਾਉਂਦੇ ਰਹਿੰਦੇ ਹਨ। ਪੁਆਇੰਟਸ ਨਿਕਲਦੀ ਰਹਿੰਦੀ ਹੈ। ਬੋਰਡ ਤੇ ਵੀ ਲਿਖ ਸਕਦੇ ਹੋ ਭੈਣੋ ਅਤੇ ਭਾਇਓ, ਆਓ, ਤੁਹਾਨੂੰ ਸਭ ਨੂੰ ਇਹ ਸਹਿਜ ਰਾਜਯੋਗ ਨਾਲ ਹੀਰੇ ਜਿਹਾ ਬਣਾਵੇਂ। ਤੁਹਾਡੇ ਕੋਲ ਤੇ ਚਿੱਤਰ ਵੀ ਸਭ ਹਨ। ਉਨ੍ਹਾਂ ਤੇ ਸਮਝਾਉਣਾ ਬਹੁਤ ਸਹਿਜ ਹੈ। ਜਿਵੇਂ ਛੋਟੇ ਬੱਚੇ ਨੂੰ ਖਿਡੌਣੇ ਵਿਖਾਕੇ ਸਮਝਾਇਆ ਜਾਂਦਾ ਹੈ, ਪੜਾਉਂਦੇ ਹਨ - ਇਹ ਹਾਥੀ ਹੈ, ਇਵੇਂ - ਇਵੇਂ ਕਰਦਾ ਹੈ; ਇਹ ਉਂਟ ਹੈ...। ਮਨੁੱਖ ਨੂੰ ਵੀ ਪਰਮਾਤਮਾ ਦਾ ਪਤਾ ਨਹੀਂ ਹੈ, ਨਾ ਹੀ ਇਹ ਜਾਣਦੇ ਕਿ ਉਹ ਕੀ ਕਰਦੇ ਹਨ। ਉਹਨਾਂ ਦਾ ਕਰਤਵ ਨੂੰ ਨਾ ਜਾਨਣ ਤਾਂ ਬਾਕੀ ਕੀ ਮਹੱਤਵ ਰਿਹ? ਤਾਂ ਚਿੱਤਰ ਤੇ ਸਮਝਾਉਣਾ ਹੁੰਦਾ ਹੈ - ਇਹ ਪਰਮਪਿਤਾ ਪਰਮਾਤਮਾ ਸ਼ਿਵ ਹੈ। ਇਹ ਹੀਰੇ ਵਰਗਾ ਬਣਾਉਣ ਵਾਲਾ ਹੈ, ਇਹਨਾਂ ਕੋਲੋਂ ਵਰਸਾ ਮਿਲਦਾ ਹੈ ਬ੍ਰਹਮਾ ਦਵਾਰਾ। ਬ੍ਰਹਮਾਕੁਮਾਰ - ਕੁਮਾਰੀਆਂ ਨੂੰ ਸ਼ਿਵਬਾਬਾ ਪੜ੍ਹਾਕੇ ਅਜਿਹੇ ਦੇਵੀ - ਦੇਵਤਾ ਬਣਾਉਂਦੇ ਹਨ। ਪੜ੍ਹਾਇਆ ਹੈ ਤਾਂ ਹੀ ਤੇ ਅਸੀਂ ਸਮਝਾ ਸਕਦੇ ਹਾਂ ਨਾ। ਅੱਗੇ ਨਹੀਂ ਜਾਣਦੇ ਸੀ ਕਿ ਪਰਮਪਿਤਾ ਪਰਮਾਤਮਾ ਆਕੇ ਪੜ੍ਹਾਉਂਦੇ ਹਨ। ਸਮਝਾਉਣੀ ਤਾਂ ਬੜੀ ਸਹਿਜ ਹੈ ਕਿ ਭਾਰਤ ਹੀਰੇ ਵਰਗਾ ਸੀ, ਹੁਣ ਕੌੜੀ ਵਰਗਾ ਹੈ। ਫਿਰ ਕੌੜੀ ਪਿਛਾੜੀ ਧੱਕੇ ਕਿਉਂ ਖਾਂਦੇ ਹੋ? ਇਹ ਸਭ ਧਨ ਮਾਲ ਆਦਿ ਮਿੱਟੀ ਵਿੱਚ ਮਿਲ ਜਾਣਾ ਹੈ। ਹੁਣ ਤੁਸੀਂ ਸੱਚਖੰਡ ਦੇ ਲਈ ਸੱਚੀ ਕਮਾਈ ਕਰੋ। ਪੂਰੀ ਕਮਾਈ ਨਾ ਕਰਨ ਦੇ ਕਾਰਨ ਬਿਲਕੁਲ ਸਧਾਰਨ ਪ੍ਰਜਾ ਵਿੱਚ ਚਲੇ ਜਾਂਦੇ ਹਨ। ਪ੍ਰਜਾ ਦੇ ਵੀ ਨੌਕਰ ਬਣ ਜਾਂਦੇ ਹਨ। ਬਾਪ ਦਾ ਬਣਕੇ ਫਿਰ ਬਾਪ ਨੂੰ ਫਾਰਗਤੀ ਦੇ ਦਿੰਦੇ ਹਨ। ਤਾਂ ਬਾਬਾ ਸਮਝਾਉਂਦੇ ਹਨ ਕਿ ਬੱਚੇ ਘਰ ਵਿੱਚ ਵੀ ਮੁਰਲੀ ਮੰਗਵਾਕੇ ਪੜ੍ਹ ਸਕਦੇ ਹੋ। ਮੁਰਲੀ ਮਿਲਦੀ ਰਹੇਗੀ। ਕਿੱਥੇ ਵੀ ਹੋਵੋ ਤੁਹਾਨੂੰ ਮੁਰਲੀ ਪੜ੍ਹਣਾ ਜਰੂਰ ਹੈ। ਪੜ੍ਹੋ ਅਤੇ ਪੜ੍ਹਾਓ। ਵਿਲਾਇਤ ਵਿੱਚ ਵੀ ਰਹਿੰਦੇ ਤੁਸੀਂ ਸਰਵਿਸ ਕਰ ਸਕਦੇ ਹੋ। ਬਾਪ ਦਾ ਪਰਿਚੇ ਦੇਣਾ ਹੈ। ਪ੍ਰਭਾਵ ਤਾਂ ਅੰਤ ਵਿੱਚ ਹੀ ਨਿਕਲਣਾ ਹੈ। ਸਮਝਣਗੇ ਕਿ ਬੋਰਬਰ ਪ੍ਰਾਚੀਨ ਭਾਰਤ ਹੈਵਿਨ ਸੀ। ਕਿੰਨਾ ਧਨ ਇਥੋਂ ਤੋਂ ਲੁੱਟ ਕੇ ਲੈ ਗਏ ਹਨ।

ਸਤਿਯੁਗ ਵਿੱਚ ਚੇਤੰਨ ਵਿੱਚ ਸਾਰੀ ਸ੍ਰਿਸ਼ਟੀ ਦੇ ਤੁਸੀਂ ਮਾਲਿਕ ਬਣਦੇ ਹੋ, ਯਾਨੀ ਰਾਜ ਕਰਦੇ ਹੋ। ਫਿਰ ਭਗਤੀ ਮਾਰਗ ਵਿੱਚ ਜੜ੍ਹ ਚਿਤਰਾਂ ਨੂੰ ਇਕ ਕੋਠੜੀ ਵਿੱਚ ਬੰਦ ਕਰ ਰੱਖਦੇ ਹੋ, ਯਾਦਗਾਰ ਬਣਾਉਂਦੇ ਹੋ। ਪੂਜਾ ਦਾ ਸਮਾਨ ਵੀ ਤੇ ਚਾਹੀਦਾ ਹੈ ਨਾ। ਹੁਣ ਤੁਸੀਂ ਸਭ ਕੁਝ ਭੁੱਲ ਗਏ ਹੋ ਕਿ ਅਸੀਂ ਸਭ ਪੂਜਯ ਸੀ, ਹੁਣ ਪੁਜਾਰੀ ਬਣ ਗਏ ਹਾਂ। ਪੂਜਯ ਤੋਂ ਪੁਜਾਰੀ ਬਣਨ ਵਿੱਚ ਸਾਨੂੰ ਕਿੰਨਾ ਸਮਾਂ ਲੱਗਦਾ ਹੈ? ਕਿਵੇਂ ਮੰਦਿਰ ਬਣੇ? ਅਸੀਂ ਹੀ ਤਾਂ ਮੰਦਿਰ ਬਨਵਾਏ ਹਨ। ਅਸੀਂ ਆਪਣੇ ਜੜ੍ਹ ਚਿੱਤਰ ਬਣਾਕੇ ਆਪਣੀ ਹੀ ਪੂਜਾ ਸ਼ੁਰੂ ਕੀਤੀ। ਕਿੰਨੀ ਵੰਡਰਫੁੱਲ ਗੱਲਾਂ ਹਨ! ਬਾਪ ਸਮਝਾਉਂਦੇ ਹਨ - ਬੱਚੇ ਹੁਣ ਕੋਈ ਗਫ਼ਲਤ ਨਹੀਂ ਕਰੋ। ਦੇਹੀ - ਅਭਿਮਾਨੀ ਬਣਨ ਨਾਲ ਹੀ ਤੁਸੀਂ ਹੀਰੇ

ਵਰਗਾ ਬਣੋਂਗੇ। ਦੇਹ - ਅਭਿਮਾਨ ਵਿੱਚ ਨਹੀਂ ਆਉਣਾ ਹੈ। ਦੇਹ ਅਭਿਮਾਨ ਵਿੱਚ ਆ ਕੇ ਵੱਡੇ - ਵੱਡੇ ਹੰਗਾਮੇ ਮਚਾਉਂਦੇ ਹਨ ਤਾਂ ਆਪਣਾ ਵੀ ਸਤਿਆਨਾਸ਼ ਅਤੇ ਹੋਰਾਂ ਦਾ ਵੀ ਸਤਿਆਨਾਸ਼ ਕਰਦੇ ਹਨ। ਇੱਕ ਹੀ ਗਿਆਨ ਸਾਗਰ ਤੋਂ ਪੜ੍ਹਕੇ ਤਾਉਸੀ ਤਖ਼ਤ ਤੇ ਬੈਠਦੇ ਹਨ ਅਤੇ ਕੋਈ ਦਾਸ ਦਾਸੀ। ਦੇਖੋ, ਲਕਸ਼ਮੀ - ਨਾਰਾਇਣ ਸਵਰਗ ਦੇ ਬਾਦਸ਼ਾਹ ਸੀ। ਕਿੰਨੀ ਉਨ੍ਹਾਂ ਦੀ ਮਹਿਮਾ, ਪੂਜਾ ਹੁੰਦੀ ਹੈ, ਮੰਦਿਰ ਬਣਾਉਂਦੇ ਹਨ। ਹੁਣ ਤੁਸੀਂ ਜਾਣਦੇ ਹੋ ਕਿ ਅਸੀਂ ਫਿਰ ਤੋਂ ਸੂਰਜਵੰਸ਼ੀ ਲਕਸ਼ਮੀ - ਨਾਰਾਇਣ ਬਣ ਰਹੇ ਹਾਂ। ਫਿਰ ਸੂਰਜਵੰਸ਼ੀ ਤੋਂ ਚੰਦਰਵੰਸ਼ੀ ਵਿੱਚ ਆਵਾਂਗੇ। ਰਾਜਾਈ ਲੈਣਾ ਕਿੰਨਾ ਉੱਚ ਪਦਵੀ ਹੈ। ਪੁਰਸ਼ਾਰਥ ਇਵੇਂ ਕਰਨਾ ਅਤੇ ਕਰਾਉਣਾ ਹੈ। ਜੇਕਰ ਕਰਵਾਉਣਾ ਨਹੀਂ ਜਾਣਦੇ ਤਾਂ ਗੋਇਆ ਕਰਨਾ ਹੀ ਨਹੀਂ ਸਿੱਖੇ ਹਨ। ਆਪ ਸਮਾਨ ਨਹੀਂ ਬਣਾ ਸਕਦੇ ਹੋ ਤਾਂ ਰਾਜਾ - ਰਾਣੀ ਬਣ ਨਹੀਂ ਸਕੋਂਗੇ। ਅਵਿਨਾਸ਼ੀ ਗਿਆਨ ਰਤਨਾਂ ਦਾ ਦਾਨ ਕਰਨਾ ਹੈ। ਇਹ ਨਸ਼ਾ ਬਹੁਤ ਥੋੜ੍ਹਿਆਂ ਨੂੰ ਰਹਿੰਦਾ ਹੈ। ਦੇਹੀ - ਅਭਿਮਾਨੀ ਹੋ ਰਹਿਣ ਨਾਲ ਖੁਸ਼ੀ ਦਾ ਪਾਰਾ ਚੜ੍ਹੇਗਾ। ਮੰਮਾ ਬਾਬਾ ਨੂੰ ਦੇਖੋ ਕਿੰਨੇ ਖਿਆਲਾਤ ਰਹਿੰਦੇ ਹਨ। ਬਾਪ ਨੂੰ ਤਰਸ ਪੈਂਦਾ ਹੈ ਕਿ ਇਸ ਬੱਚੀ ਨੂੰ ਮਾਰ ਮਿਲਦੀ ਹੈ ਤਾਂ ਕਿਵੇਂ ਬਚਾਇਆ ਜਾਏ? ਏਸ਼ਲਮ ਦੇਣ ਵਿੱਚ ਕਿੰਨੇ ਹੰਗਾਮੇ ਹਨ। ਸਰਵਸ਼ਕਤੀਮਾਨ ਸ਼ਿਵਬਾਬਾ ਦਵਾਰਾ ਭਾਰਤ ਨੂੰ ਹੀਰੇ ਵਰਗਾ ਬਣਾਉਣ ਦੀ ਲਾਟਰੀ ਮਿਲਦੀ ਹੈ। ਇੱਥੇ ਤੁਸੀਂ ਸਮੁੱਖ ਸੁਣਦੇ ਹੋ। ਬਾਬਾ ਡੋਜ ਚੜ੍ਹਾਉਂਦੇ ਰਹਿੰਦੇ ਹਨ। ਬੱਚਿਆਂ ਨੂੰ ਕਦਮ - ਕਦਮ ਸ਼੍ਰੀਮਤ ਤੇ ਚੱਲਣਾ ਚਾਹੀਦਾ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸੁਖ ਦੇਣ ਵਾਲਾ ਬਾਪ, ਟੀਚਰ ਸਤਿਗੁਰੂ ਦਾ ਰਿਗਾਰ੍ਡ ਜਰੂਰ ਰੱਖਣਾ ਹੈ। ਉਸਦੀ ਮਤ ਤੇ ਚੱਲਣਾ ਹੀ ਉਨ੍ਹਾਂਦਾ ਰਿਗਾਰ੍ਡ ਹੈ।

2. ਘਰ ਦਾ ਕੰਮਕਾਜ ਕਰਦੇ ਖੁਦ ਨੂੰ ਗੋਡ ਫ਼ਾਦਰ ਦਾ ਸਟੂਡੈਂਟ ਸਮਝਣਾ ਹੈ। ਪੜ੍ਹਾਈ ਤੇ ਪੂਰਾ ਧਿਆਨ ਦੇਣਾ ਹੈ, ਮੁਰਲੀ ਮਿਸ ਨਹੀਂ ਕਰਨੀ ਹੈ। ਸੱਚਖੰਡ ਦੇ ਲਈ ਸੱਚੀ ਕਮਾਈ ਕਰਨੀ ਹੈ।

ਵਰਦਾਨ:- ਪਾਸਟ, ਪ੍ਰਜੈਂਟ ਅਤੇ ਫਿਊਚਰ ਨੂੰ ਜਾਣ ਮਾਇਆਜਿੱਤ ਬਣਨ ਵਾਲੇ ਮਾਸਟਰ ਤ੍ਰਿਕਾਲਦਰਸ਼ੀ ਭਵ

ਜੋ ਬੱਚੇ ਤਿੰਨਾਂ ਕਾਲਾਂ ਨੂੰ ਜਾਣਦੇ ਹਨ ਉਹ ਕਦੀ ਵੀ ਮਾਇਆ ਤੋਂ ਹਾਰ ਨਹੀਂ ਖਾ ਸਕਦੇ ਕਿਉਂਕਿ ਵਰਤਮਾਨ ਕੀ ਹੈ ਅਤੇ ਭਵਿੱਖ ਵਿੱਚ ਕੀ ਹੋਣ ਵਾਲਾ ਹੈ, ਦੋਨੋਂ ਹੀ ਤ੍ਰਿਕਾਲਦਰਸ਼ੀ ਆਤਮਾ ਦੀ ਬੁੱਧੀ ਵਿੱਚ ਸਪੱਸ਼ਟ ਰਹਿੰਦਾ ਹੈ। ਕੀ ਹਾਂ ਅਤੇ ਕੀ ਬਣਨ ਵਾਲਾ ਹਾਂ, ਵਰਤਮਾਨ ਅਤੇ ਭਵਿੱਖ ਦੋਵਾਂ ਦਾ ਉਨ੍ਹਾਂਨੂੰ ਨਸ਼ਾ ਰਹਿੰਦਾ ਹੈ। ਉਸ ਹੀ ਨਸ਼ੇ ਦੀ ਖੁਸ਼ੀ ਵਿੱਚ ਉੱਡਦੇ ਰਹਿੰਦੇ ਹਨ ਇਸਲਈ ਉਹਨਾਂ ਦੇ ਪੈਰ ਧਰਤੀ ਤੋਂ ਉੱਚ ਹੁੰਦੇ ਹਨ। ਉਹ ਦੇਹ, ਦੇਹ ਦੇ ਸੰਬੰਧ, ਦੇਹ ਦੇ ਪੁਰਾਣੇ ਪਦਾਰਥਾਂ ਦੀ ਆਕਰਸ਼ਨ ਵਿੱਚ ਨਹੀ ਆਉਂਦੇ।

ਸਲੋਗਨ:- ਜਿਨ੍ਹਾਂ ਦੇ ਕੋਲ ਸਰਲਤਾ ਦਾ ਗੁਣ ਹੈ ਉਹਨਾਂ ਦੇ ਲਈ ਸੰਗਠਨ ਵਿੱਚ ਚੱਲਣਾ ਬਹੁਤ ਸਹਿਜ ਹੈ।

******